**ASIAN AMERICAN LEGAL DEFENSE AND EDUCATION FUND**
99 HUDSON STREET, 12 FL • NEW YORK. NY 10013 • TEL 212.966.5932 • FAX 212.966.4303 • INFO@AALDEF.ORG

# 2010 ਦੀ ਜਨਗਣਨਾ (ਮਰਦਮਸ਼ੁਮਾਰੀ) ਬਾਰੇ
# ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਅਗਸਤ 2009

- ਹਰ 10 ਸਾਲਾਂ ਬਾਅਦ ਕਰਵਾਈ ਜਾਣ ਵਾਲੀ ਜਨਗਣਨਾ ਨਾਲ ਅਜਿਹਾ ਡੈਟਾ ਉਪਲਬਧ ਹੁੰਦਾ ਹੈ। ਜਿਸਨੂੰ ਵੱਖ ਵੱਖ ਤਰ੍ਹਾਂ ਦੀਆਂ ਵਿਆਪਕ ਨੀਤੀਆਂ ਨੂੰ, ਜੋ ਏਸ਼ੀਅਨ ਅਮਰੀਕਨ ਕਮਿਊਨਿਟੀ (ਭਾਈਚਾਰੇ) ਤੇ ਅਸਰ ਪਾਂਦੀਆਂ ਹਨ, ਲਾਗੂ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ, ਇਨ੍ਹਾਂ ਵਿੱਚ ਇਹ ਸ਼ਮਾਲ ਹਨ :
  - ਫੈਡਰਲ ਫੰਡ ਤੋਂ 300 ਅਰਬ ਡਾਲਰਾਂ ਤੋਂ ਵੱਧ ਸਟੇਟਾਂ ਅਤੇ ਕਮਿਊਨਿਟੀਆਂ ਨੂੰ ESL ਕਲਾਸਾਂ, ਨੌਕਰੀ ਦੀ ਟਰੇਨਿੰਗ ਅਤੇ ਦੁਭਾਸ਼ੀਆ ਸੇਵਾਵਾਂ ਵਰਗੀਆਂ ਸੋਸ਼ਿਲ ਸਰਵਿਸਿਜ਼ ਲਈ ਵੰਡੇ ਜਾਂਦੇ ਹਨ;
  - ਸਿਖਿਆ, ਰੋਜ਼ਗਾਰ, ਸਿਹਤ ਸੰਭਾਲ, ਹਾਊਸਿੰਗ ਇਮੀਗਰੇਸ਼ਨ, ਕਰਜ਼ੇ ਦੇਣ ਅਤੇ ਵੋਟਿੰਗ ਵਿੱਚ ਸਿਵਲ ਅਧਿਕਾਰਾਂ ਬਾਰੇ ਕਾਨੂੰਨਾਂ ਤੇ ਜ਼ੋਰ ਦਿੱਤਾ ਜਾਂਦਾ ਹੈ;
  - ਦੋ ਭਾਸ਼ਾਵਾਂ ਵਿੱਚ ਵੋਟਾਂ ਉਪਲਬਧ ਹੋਣੀਆਂ;
  - ਰਾਜ ਨੂੰ ਕਾਂਗਰਸ ਦੀਆਂ ਸੀਟਾਂ ਦੀ ਵੰਡ ਅਤੇ ਨਸਲੀ ਅਤੇ ਜਾਤੀ ਆਧਾਰਿਤ ਘੱਟ ਗਿਣਤੀਆਂ ਦੀ ਸਿਆਸੀ ਨੁਮਾਇੰਦਗੀ ਨਿਸਚਿਤ ਕਰਨਾ।
- ਜੋ ਜਾਣਕਾਰੀ ਤੁਸੀਂ ਜਨਗਣਨਾ ਵਿੱਚ ਦੇਂਦੇ ਹੋ, ਉਹ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ। ਕਾਨੂੰਨ ਅਨੁਸਾਰ ਤੁਹਾਡੀ ਨਿੱਜੀ ਜਾਣਕਾਰੀ USCIS, ICE, IRS, ਪੁਲਿਸ, ਉਸਾਰੀ ਕਰ ਰਹੇ ਮਕਾਨ ਮਾਲਕਾਂ ਜਾਂ ਗੁਆਂਢੀਆਂ ਨਾਲ ਸਾਂਝੀ ਨਹੀਂ ਕੀਤੀ ਜਾ ਸਕਦੀ।
- ਦਸ ਸਾਲਾਂ ਬਾਅਦ, 2010 ਵਿੱਚ ਹੋਣ ਵਾਲੀ ਜਨਗਣਨਾ ਬਾਰੇ ਪ੍ਰਸ਼ਨਾਵਲੀ ਵਿੱਚ ਸਿਰਫ਼ ਕੁਝ ਸਾਦੇ ਜਿਹੇ ਸਵਾਲ ਪੁੱਛੇ ਗਏ ਹਨ – ਨਾਂਅ, ਰਿਸ਼ਤਾ, ਲਿੰਗ, ਉਮਰ ਅਤੇ ਜਨਮ ਤਾਰੀਖ਼, ਨਸਲ, ਅਤੇ ਕੀ ਘਰ ਤੁਹਾਡਾ ਆਪਣਾ ਹੈ ਜਾਂ ਕਿਰਾਏ ਤੇ ਰਹਿੰਦੇ ਹੋ। ਪਰ ਜਨਗਣਨਾ ਦੀਆਂ ਕੁਝ ਹੋਰ ਵਿਸ਼ੇਸ਼ ਪ੍ਰਸ਼ਨਾਵਲੀਆਂ (ਅਮਰੀਕਨ ਕਮਿਊਨਿਟੀ ਸਰਵੇਖਣ) ਵਿੱਚ ਨਾਗਰਿਕਤਾ, ਆਮਦਨ, ਜੱਦੀ ਜਨਮ ਅਸਥਾਨ ਅਤੇ ਅੰਗਰੇਜ਼ੀ ਵਿੱਚ ਮਹਾਰਤ ਬਾਰੇ ਪੁੱਛਿਆ ਜਾਏਗਾ। ਜਨਗਣਨਾ ਵਿੱਚ ਇਮੀਗਰੇਸ਼ਨ ਸਟੇਟਸ (ਹੈਸੀਅਤ) ਬਾਰੇ ਕਦੀ ਪੁੱਛਿਆ ਨਹੀਂ ਜਾਂਦਾ।
- ਫਰਵਰੀ ਅਤੇ ਮਾਰਚ 2010 ਵਿੱਚਕਾਰ, ਤੁਹਾਨੂੰ ਡਾਕ ਰਾਹੀਂ ਜਨਗਣਨਾ ਦੀ ਪ੍ਰਸ਼ਨਾਵਲੀ ਮਿਲ ਜਾਣੀ ਚਾਹੀਦੀ ਹੈ। ਇਸ ਨੂੰ ਜਿੰਨਾ ਸਹੀ ਤਰ੍ਹਾਂ ਭਰਨਾ ਸੰਭਵ ਹੋਵੇ, ਭਰ ਕੇ ਡਾਕ ਰਾਹੀਂ ਵਾਪਸ ਭੇਜ ਦਿਉ। ਟਿਕਟ ਪਹਿਲਾਂ ਹੀ ਲੱਗਾ ਹੋਏਗਾ। ਜੇ ਤੁਹਾਨੂੰ ਪ੍ਰਸ਼ਨਾਵਲੀ ਨਹੀਂ ਮਿਲਦੀ ਤਾਂ ਤੁਸੀਂ ਕਈ ਕਮਿਊਨਿਟੀ ਸਥਾਨਾਂ ਤੋਂ –"ਬੀ ਕਾਉਂਟਡ" (ਗਿਣੇ ਜਾਉ) ਫਾਰਮ ਲੈ ਸਕਦੇ ਹੋ।
- ਅਪਰੈਲ ਅਤੇ ਜੁਲਾਈ 2010 ਵਿੱਚਕਾਰ, ਜਨਗਣਨਾ ਕਰਨ ਵਾਲੇ ("ਇਨਿਯੂਮੇਰੇਟਰਸ") (ਗਿਣਤੀਕਾਰ) ਤੁਹਾਡੇ ਗੁਆਂਢ ਹਰ ਪਰਿਵਾਰ ਦੀ ਗਿਣਤੀ ਲਈ ਘਰ ਘਰ ਜਾਣਗੇ। ਇਸ ਅਮਲ ਵਿੱਚ ਇਹ ਸ਼ਾਮਲ ਹੈ :
  - ਪਹਿਲਾ, ਜਨਗਣਨਾ ਕਰਨ ਬਾਰੇ ਗਿਣਤੀਕਾਰ ਉਨ੍ਹਾਂ ਘਰਾਂ ਵਿੱਚ ਜਾਣਗੇ, ਜਿਨ੍ਹਾਂ ਨੇ ਡਾਕ ਰਾਹੀਂ ਜਨਗਣਨਾ ਫ਼ਾਰਮ ਵਾਪਸ ਨਹੀਂ ਭੇਜੇ ਜੇ ਉਹ ਪਰਿਵਾਰ ਦੇ ਕਿਸੇ ਜੀਅ ਵਲੋਂ ਵੀ ਜਾਣਕਾਰੀ ਨਹੀਂ ਲੈ ਸਕਣਗੇ ਤਾਂ ਓਹ ਗੁਆਂਢ ਦੇ ਘਰਾਂ ਵਿੱਚ ਜਾਣਗੇ।
  - ਦੂਜਾ, ਜਨਗਣਨਾ ਕਰਨ ਵਾਲੇ ਉਨ੍ਹਾ ਘਰਾਂ ਵਿੱਚ ਜਾਣਗੇ, ਜਿਨ੍ਹਾਂ ਨੇ ਇਹ ਤਸਦੀਕ ਕਰਨ ਲਈ ਫ਼ਾਰਮ ਵਾਪਸ ਨਹੀਂ ਭੇਜੇ ਕਿ ਉਹ ਸਹੀ ਤਰ੍ਹਾਂ ਪੂਰਾ ਕੀਤਾ ਗਿਆ ਹੈ।
  - ਤੀਜਾ, ਜਨਗਣਨਾ ਕਰਨ ਵਾਲੇ ਉਨ੍ਹਾਂ ਵਿਅਕਤੀਆਂ ਵਲੋਂ ਉਪਲਬਧ ਕੀਤੀ ਗਈ ਜਾਣਕਾਰੀ ਦੀ ਤਸਦੀਕ ਕਰਨਗੇ ਜਿਨ੍ਹਾਂ ਨੇ ਗੁਆਂਢ ਦੀ ਇੱਕ ਜਗ੍ਹਾ ਤੋਂ ਲੈਕੇ "ਬੀ ਕਾਉਂਟਡ" ਫ਼ਾਰਮ ਭਰ ਕੇ ਭੇਜਿਆ ਸੀ।

- ਜਨਗਣਨਾ ਕਰਨ ਵਾਲੇ ਇੱਕ ਘਰ ਵਿੱਚ ਇੱਕ ਵਾਰ ਤੋਂ ਵੱਧ ਵੀ ਜਾ ਸਕਦੇ ਹਨ। ਕਿਰਪਾ ਕਰਕੇ ਮਿਲਵਰਤਣ ਦਿਉ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿਉ। ਇਹ ਇੱਕ ਸਹੀ ਗਿਣਤੀ ਯਕੀਨੀ ਬੁਣਾਉਣ ਲਈ ਹੈ।

- ਜੇ ਤੁਹਾਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ ਤਾਂ ਵੀ ਤੁਸੀਂ ਗਿਣੇ ਜਾ ਸਕਦੇ ਹੋ!
  - ਟੈਲੀਫ਼ੋਨ ਕੁਅਸ਼ਚਨਰੀ ਅਸਿਸਟੈਂਸ ਸੈਂਟਰ (TQA) (ਪ੍ਰਸ਼ਨਾਵਲੀ ਬਾਰੇ ਸਹਾਇਤਾ ਕੇਂਦਰ) ਤੇ ਕਾਲ ਕਰੋ, ਇਹ 25 ਫਰਵਰੀ 2010 ਤੋਂ 30 ਜੁਲਾਈ 2010 ਤਕ ਖੁਲ੍ਹਾ ਰਹੇਗਾ ਇਸਦਾ ਫ਼ੋਨ ਨੰਬਰ 1-866-872-6868 ਹੈ। ਉਨ੍ਹਾਂ ਕੋਲ ਉਹ ਲੋਕ ਹੋਣਗੇ ਜੋ ਤੁਹਾਡੀ ਭਾਸ਼ਾ ਬੋਲ ਸਕਦੇ ਹੋਣਗੇ।
    - ਤੁਸੀਂ ਟੈਲੀਫ਼ੋਨ ਤੇ ਵੀ ਫ਼ਾਰਮ ਭਰ ਸਕਦੇ ਹੋ ਅਤੇ ਜਨਗਣਨਾ ਪ੍ਰਤੀਨਿਧ ਕਿਸੇ ਹੋਰ ਵੱਧ ਸਵਾਲ ਦਾ ਜਵਾਬ ਦੇ ਸਕਦਾ ਹੈ।
    - ਤੁਸੀਂ ਪ੍ਰਸ਼ਨਾਵਲੀ ਦੀ ਕਾਰਜ਼ ਤੇ ਇੱਕ ਨਕਲ ਚੀਨੀ, ਕੋਰੀਅਨ, ਵਿਅਤਨਾਮੀ ਸਪੇਨਿਸ਼ ਜਾਂ ਰੂਸੀ ਭਾਸ਼ਾ ਵਿੱਚ ਲੈਣ ਲਈ ਵੀ ਬੇਨਤੀ ਕਰ ਸਕਦੇ ਹੋ।
    - ਅੰਤ ਵਿੱਚ, ਜੇ ਤੁਹਾਨੂੰ ਉੱਤੇ ਦੱਸੀਆਂ ਭਾਸ਼ਾਵਾਂ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਚਾਹੀਦੀ ਹੋਵੇ ਤਾਂ ਤੁਸੀਂ ਇੱਕ ਲੈਂਗੁਏਂਜ ਅਸਿਸਟੈਂਸ (ਭਾਸ਼ਾ ਵਿੱਚ ਸਹਾਇਤਾ ਦੇਣ ਵਾਲੇ) ਗਾਈਡ ਲਈ ਵੀ ਕਹਿ ਸਕਦੇ ਹੋ।
  - ਆਪਣੇ ਜਨਗਣਨਾ ਦੇ ਸਥਾਨਕ ਦਫ਼ਤਰ ਵਿੱਚ ਜਾਉ ਅਤੇ ਕਿਸੇ ਉਸ ਗਿਣਤੀਕਾਰ ਬਾਰੇ ਪੁੱਛੋ, ਜੋ ਤੁਹਾਡੀ ਭਾਸ਼ਾ ਬੋਲਦਾ ਹੋਵੇ, ਅਤੇ ਉਸਨੂੰ ਆਪਣੇ ਘਰ ਆਉਣ ਲਈ ਕਹੋ। ਇਹ ਟੈਲੀਫ਼ੋਨ ਨੰਬਰ ਜਿਉਂ ਹੀ ਉਪਲਬਧ ਹੋਣਗੇ, ਤੁਹਾਨੂੰ ਮੁਹੱਈਆ ਕੀਤੇ ਜਾਣਗੇ।

- ਜੇ ਤੁਹਾਨੂੰ ਇਹ ਪੱਕਾ ਯਕੀਨ ਨਹੀਂ ਕਿ ਜੋ ਵਿਅਕਤੀ ਤੁਹਾਡੇ ਘਰ ਆਇਆ ਹੈ, ਉਹ ਜਨਗਣਨਾ ਕਰ ਰਿਹਾ ਗਿਣਤੀਕਾਰ ਹੀ ਹੈ, ਤਾਂ
  - ਉਸਨੂੰ ਆਪਣਾ "ਜਨਗਣਨਾ ਕਰਨ ਵਾਲਾ ਇਨਿਊਮਰੇਟਰ" ਦਾ ਬੈਜ, ਜੋ ਫੈਡਰਲ ਸਰਕਾਰ ਵਲੋਂ ਜਾਰੀ ਕੀਤਾ ਜਾਂਦਾ ਹੈ, ਵਿਖਾਉਣ ਲਈ ਕਹੋ। ਗਿਣਤੀਕਾਰਾਂ ਕੋਲ ਇੱਕ ਕਾਲਾ ਬੈਗ ਵੀ ਹੋ ਸਕਦਾ ਹੈ, ਜਿਸਤੇ ਉਨ੍ਹਾਂ ਦਾ ਨਾਂਅ ਅਤੇ "ਜਨਗਣਨਾ 2010" ("Census 2010") ਵੱਡੇ ਅੱਖਰਾਂ ਵਿੱਚ ਪ੍ਰਿੰਟ ਹੋਏਗਾ।
  - ਜੇ ਅਜੇ ਵੀ ਤੁਹਾਨੂੰ ਚਿੰਤਾ ਹੈ ਤਾਂ ਆਪਣੇ ਰੀਜੀਨਲ ਸੈਨਸਸ ਸੈਂਟਰ (ਜਨਗਣਨਾ ਦਾ ਰੀਜੀਨਲ ਕੇਂਦਰ) ਨੂੰ ਇਹ ਪੁਸ਼ਟੀ ਕਰਨ ਲਈ ਕਾਲ ਕਰੋ ਕਿ ਕੀ ਉਹ ਵਿਅਕਤੀ ਅਮਰੀਕਾ ਦੇ ਜਨਗਣਨਾ ਬਿਓਰੋ ਵੱਲੋਂ ਰੱਖਿਆ ਗਿਆ ਮੁਲਾਜ਼ਮ ਹੈ।

- ਜੇ ਕੋਈ ਗਿਣਤੀਕਾਰ ਅਨੁਚਿਤ ਢੰਗ ਨਾਲ ਵਰਤਾਉ ਕਰੇ ਜਾਂ ਤੁਹਾਡੀ ਨਿੱਜੀ ਜਾਣਕਾਰੀ ਪ੍ਰਗਟ ਕਰੇ ਤਾਂ 212-966-5932 ਤੇ AALDEF ਨੂੰ ਫ਼ੌਰਨ ਕਾਲ ਕਰੋ। AALDEF ਬਹੁਤ ਵੱਖ ਵੱਖ ਸਟੇਟਾਂ ਵਿੱਚ ਜਨਗਣਨਾ ਬਿਓਰੋ ਦੇ ਕੰਮ ਕਾਜ ਦੀ ਨਿਗਰਾਨੀ ਕਰ ਰਹੀ ਹੈ। ਅਸੀਂ ਅਨੁਚਿਤ ਵਰਤਾਉ ਅਤੇ ਨਿੱਜੀ ਜਾਣਕਾਰੀ ਨੂੰ ਸਾਂਝਿਆਂ ਕਰਨ ਦੀ ਕਿਸੇ ਵੀ ਘਟਨਾ ਦੀ ਰਿਪੋਰਟ ਕਰਾਂਗੇ। AALDEF ਦੇ ਵਕੀਲ ਤੁਹਾਡੀ ਪਰਦਾਦਾਰੀ, ਵਿਸ਼ੇਸ਼ ਕਰਕੇ ਜੇ ਤੁਹਾਡੇ ਕੋਲ ਇਮੀਗਰੇਸ਼ਨ ਬਾਰੇ ਦਸਤਾਵੇਜ ਨਾ ਹੋਣ, ਦੀ ਪੂਰੀ ਸੁਰੱਖਿਆ ਕਰਨਗੇ।

**ਏਨਾ ਕੁਝ ਦਾਅ ਤੇ ਲਗਾ ਹੈ, ਇਸ ਲਈ ਏਸ਼ੀਅਨ ਅਮਰੀਕਨ ਕਮਿਊਨਿਟੀ ਦੀ ਸਹੀ ਗਿਣਤੀ ਬਹੁਤ ਅਹਿਮ ਹੈ!**
**ਜਨਗਣਨਾ ਵਿੱਚ ਹਿੱਸਾ ਲਉ।**

**ਹੋਰ ਵੱਧ ਜਾਣਕਾਰੀ ਲਈ ਸੰਪਰਕ ਕਰੋ :**

Asian American Legal Defense & Education Fund (AALDEF)
99 Hudson Street, 12th Floor ▪ New York, NY 10013
800.966.5946 ▪ info@aaldef.org ▪ www.aaldef.org

© 2009 AALDEF – Census Fact Sheet – Punjabi